# ਰੇਣੂਕਾ ਸਿੰਘ

ਮੇਰਾ ਨਾਂ ਰੇਣੂਕਾ ਸਿੰਘ ਹੈ। ਮੈਂ ਦਿੱਲੀ ਵਿਚ ਪੈਦਾ ਹੋਈ ਸਾਂ, ਪਰ ਮੇਰੇ ਮਾਤਾ ਪਿਤਾ ਪਾਰਟੀਸ਼ਨ ਤੋਂ ਬਾਅਦ ਏਥੇ ਦਿੱਲੀ ਮਾਈਗਰੇਟ ਕੀਤੇ ਸਨ ਤੇ ਮੈਂ ਦਿੱਲੀ ਵਿਚ ਹੀ ਪੜੀ ਹਾਂ। ਸਕੂਲਿੰਗ ਵੀ ਏਥੇ ਕੀਤਾ, ਕੌਲਜ ਵੀ ਏਥੇ ਕੀਤਾ ਤੇ ਆਪਣੀ ਜਿਹੜੀ ਹਾਇਰ ਸਟੱਡੀਜ ਨੇ, ਡੌਕਟਰੇਟ ਵੀ ਦਿੱਲੀ ਵਿੱਚ ਜਵਾਹਰ ਲਾਲ ਯੂਨੀਵਰਸਿਟੀ ਤੋਂ ਕੀਤਾ, ਜਿੱਥੇ ਕਿ ਮੈਂ ਅੱਜਕੱਲ ਪੜ੍ਹਾ ਰਹੀ ਹਾਂ ਉਥੇ ਮੈਂ ਪ੍ਰੋਫੈਸਰ ਆਫ ਸੋਸਾਓਲੋਜੀ ਹੈਗੀ ਆਂ।

ਮੇਰੇ ਪਿਤਾ ਜੀ ਪੰਜਾਬੀ ਦੇ ਆਪਣੇ ਟਾਈਮ ਦੇ ਸਭ ਤੋਂ ਵੱਡੇ ਅਤੇ ਚੰਗੇ ਪਬਲਿਸ਼ਰ ਹੈਗੇ ਸਨ, ਜਿਹਨਾਂ ਨੇ ਪੰਜਾਬੀ ਸੱਭਿਆਚਾਰ ਜਿਹੜਾ, ਇੱਕ ਦਿੱਲੀ ਸ਼ਹਿਰ ਦੇ ਵਿੱਚ ਕਾਇਮ ਕੀਤਾ। ਉਹਨਾਂ ਨੇ ਸਾਰੇ ਪੰਜਾਬੀ ਦੇ ਜਿੰਨੇ ਵੀ ਐਮੀਨੈਂਟ ਰਾਈਟਰਜ, ਤੁਹਾਨੂੰ ਜਿਹੜੇ ਹੁਣ ਮਿਲਦੇ ਨੇ, ਉਹ ਕੀ ਕਹਿੰਦੇ ਨੇ, ਉਹਨਾਂ ਦੀ ਇੱਕ ਤਰਾਂ ਦੀ ਦੇਣ ਹੈਗੀ ਆ। He fathered, I think, the major Punjabi writers. ਏਸ ਕਾਰਨ ਮੇਰੀ ਜਿਹੜੀ ਪਰਬਿਰਸ਼ ਈ ਆ, ਉਹ ਇਸ ਮਾਹੌਲ ਵਿਚ ਹੋਈ ਐ ਕਿ ਮੈਂ ਰਾਈਟਰਜ, ਆਰਟਿਸਟਸ, ਪੌਲੇਟੀਅਸ਼ਨ ਨੂੰ ਦੇਖ ਦੇਖ ਕੇ ਵੱਡੀ ਹੋਈ ਆਂ। Literature runs in my blood.

Actually ਮੇਰੇ ਪਿਤਾ ਜੀ, ਭਾਪਾ ਪ੍ਰੀਤਮ ਸਿੰਘ, ਉਹੀ ਪਹਿਲੇ ਸਭਾ ਦੇ ਚੇਅਰਮੈਨ ਸਨ ਅਤੇ ਉਹਨਾਂ ਨੇ ਈ ਆਪਣਾ ਸਾਰਾ, ਇੱਕ ਤਰਾਂ ਦਾ ਤੁਸੀਂ ਕਹਿ ਸਕਦੇ ਹੋ ਕਮਿਟਮੈਂਟ ਦੇ ਨਾਲ, ਡਿਵੋਸ਼ਨ ਦੇ ਨਾਲ, ਇਹ ਏਥੇ ਭਵਨ ਤਿਆਰ ਕੀਤਾ ਤਾਂ ਕਿ ਰਾਈਟਰਜ ਮਿਲ ਬੈਠ ਸਕਣ, ਆਪਣੀਆਂ ਗੋਸ਼ਟੀਆਂ ਕਰ ਸਕਣ ਤੇ ਜਿਹੜਾ ਪੰਜਾਬੀ ਕਲਚਰਲ ਸੀਨ ਹੈਗਾ ਜੇ, ਉਹ ਇਕ ਸਰਟੇਨ (you know) ਪੱਧਰ ਦਾ ਹੋਵੇ, ਉਹਦੇ ਬਾਰੇ ਉਹਨਾਂ ਨੇ ਪੂਰਾ ਯਤਨ ਕੀਤਾ। ਤੇ ਉਸ ਤੋਂ ਬਾਅਦ ਕੀ ਕਹੀਦਾ ਵੇ, ਮੈਨੂੰ ਇਨਡੱਕਟ ਕੀਤਾ ਗਿਆ, ਜਿਹੜੇ ਕਮੇਟੀ ਦੇ ਲੋਕ ਸਨ, ਉਹਨਾਂ ਨੇ ਸੋਚਿਆ ਕਿ ਮੈਂ ਵੀ ਯੋਗਦਾਨ ਦੇ ਸਕਦੀ ਹਾਂ। ਸੋ 2005 ਤੋਂ ਮੈਂ ਸਭਾ ਦੀ ਚੇਅਰਪਰਸਨ ਹੈਗੀ ਆਂ। ਪਹਿਲੇ ਪਾਪਾ ਜੀ ਨੇ ਪ੍ਰੋਗਰਾਮ ਸ਼ੁਰੂ ਕੀਤੇ ਸਨ, ਉਹੀ ਅਸੀਂ ਕਾਇਮ ਰੱਖੇ ਹੋਏ ਨੇ, ਪਰ ਅਸੀਂ ਕਈ ਚੀਜਾਂ ਹੋਰ ਐਕਸਪੈਂਡ ਕੀਤੀਆਂ ਨੇ, for instance ਉਹਨਾਂ ਦੇ ਟਾਈਮ ਅਸੀਂ ਲਾਇਬਰੇਰੀਜ ਪੰਜਾਬ ਦੇ ਪਿੰਡਾਂ ਚ ਚਲਾ ਰਹੇ ਸੀ ਤਾਂ ਕਿ ਚੰਗਾ ਲਿਟਰੇਚਰ ਉਥੇ ਲੋਗਾਂ ਨੂੰ ਪਹੁੰਚਾਇਆ ਜਾਏ, ਉਹਨਾਂ ਵਿਚ readership ਪੈਦਾ ਕੀਤੀ ਜਾਏ, reader (you know), interest ਪੈਦਾ ਕੀਤਾ ਜਾਏ ਕਿ ਉਹ ਕੁਝ ਚੰਗਾ ਪੜਨ ਲਿਖਣ ਤੇ ਹੁਣ ਅਸੀਂ 200 ਲਾਇਬਰੇਰੀਜ ਚਲਾ ਰਹੇ ਹਾਂ, ਸੋ (you know) ਇੰਨਾ ਅਸੀਂ ਐਕਸਪੈਂਡ ਕਰ ਲਿਆ। ਇਸ ਤੋਂ ਇਲਾਵਾ ਅਸੀਂ ਪੰਜਾਬੀ ਦੇ ਰਾਈਟਰਜ ਨੇ, ਉਹਨਾਂ ਨੂੰ ਫੈਲੋਸ਼ਿਪਸ ਦਿੰਦੇ ਆਂ। At a time ਸਾਡੀਆਂ ਕੋਈ ਦਸ ਕੁ ਫੈਲੋਸ਼ਿਪਸ ਚੱਲਦੀਆਂ ਰਹਿੰਦੀਆਂ ਨੇ, more or less। ਔਰ ਇਕ ਸਪੈਸ਼ਲ ਫੈਲੋਸ਼ਿਪ ਵੀ ਦਿੱਤੀ ਜਾਂਦੀ ਆ, ਬੜੇ ਸੀਨੀਅਰ ਰਾਈਟਰ ਨੂੰ। ਫਿਰ ਇਕ ਕੁਆਟਰਲੀ ਲਿਟਰੇਰੀ ਮੈਗਜੀਨ ਅਸੀਂ ਕੱਢਦੇ ਆਂ *ਸਮਕਾਲੀ ਸਾਹਿਤ*। ਇਸ ਤੋਂ ਇਲਾਵਾ ਅਸੀਂ ਕਾਲਜ ਦੇ ਜਿਹੜੇ ਨੀਡੀ ਬੱਚੇ ਨੇ ਨਾ, ਉਹਨਾਂ ਨੂੰ ਸਕੌਲਰਸ਼ਿਪ ਵੀ ਦੇਨੇ ਆਂ ਪੰਜਾਬੀ ਪੜਨ ਵਾਸਤੇ। ਬਾਕੀ ਅਸੀਂ ਹਰ ਮਹੀਨੇ ਉਥੇ ਰੈਗੂਲਰਲੀ ਲਿਟਰੇਰੀ ਗੋਸ਼ਟੀ ਕਰਦੇ ਆਂ ਜਿਥੇ ਰਾਈਟਰਜ ਨੂੰ ਬੁਲਾਇਆ ਜਾਂਦਾ, ਉਥੇ ਉਹ ਆਪਣੀਆਂ ਰਚਨਾਵਾਂ ਪੜਦੇ ਨੇ। ਫਿਰ ਪਾਪਾ ਜੀ ਦੇ ਉਤੇ ਅਸੀਂ ਹਰ ਸਾਲ ਮੈਮੋਰੀਅਲ ਲੈਕਚਰ ਕਰਵਾਈਦਾ ਵੇ ਉਹਨਾਂ ਦੀ ਜਿਹੜੀ ਐਨੀਵਰਸਰੀ ਹੈਗੀ ਆ। ਇਸ ਤੋਂ ਇਲਾਵਾ ਸੋਸ਼ਲ ਵੀ ਇਕ ਬੜਾ ਰੋਲ ਹੈਗਾ ਵਾ ਕਿ ਅਸੀਂ ਐਨੂਅਲੀ ਇਕ ਧੁੱਪ ਦੀ ਮਹਿਫਲ ਏਥੇ ਕਰੀਦੀ ਐ, ਜਿਹਦੇ ਵਿੱਚ ਆਲਮੋਸਟ 150 ਤੋਂ 200 ਵਿਚ ਲੋਗ ਰਾਈਟਰਜ ਇਕੱਠੇ ਹੁੰਦੇ ਨੇ। ਦੋ ਜਾਂ ਤਿੰਨ ਰਾਈਟਰਜ ਨੂੰ ਅਸੀਂ ਐਨੂਅਲੀ ਔਨਰ ਵੀ ਕਰੀਦਾ ਵੇ। ਉਹਦੇ ਵਿਚ ਉਹਨਾਂ ਨੂੰ ਕੁਛ ਪੈਸੇ ਦਈਦੇ ਨੇ, ਮੈਂਮਟੋ ਦਈਦਾ। ਬਾਕੀ ਸਾਡੀ ਉਥੇ ਲਾਇਬਰੇਰੀ ਐ। ਲੋਕੀਂ ਆ ਕੇ ਸਾਡੀ ਲਾਇਬਰੇਰੀ ਇਸਤੇਮਾਲ ਕਰਦੇ ਨੇ। ਅਸੀਂ ਕੀ ਕਹੀਦਾ ਵੇ, ਕਿਤਾਬਾਂ ਉਧਾਰ, ਆਊਟਲਿਟ ਵੀ ਰੱਖਿਆ ਕਿ ਲੋਕਾਂ ਨੂੰ 50% ਦੇ ਉਤੇ ਪੰਜਾਬੀ ਦੀ ਕਿਤਾਬ ਦਿਤੀ ਜਾਏ ਜੋ ਪਰਾਈਸ ਐ ਕਿਤਾਬ ਦੀ। ਸੋ ਅਸੀਂ ਇਹ ਰੈਗੂਲਰਲੀ ਕੰਟਰੀਬਿਊਟ ਕਰਦੇ ਆਂ ਕਿ ਸਸਤੀ ਕਿਤਾਬ ਲੋਗਾਂ ਨੂੰ ਮਿਲੇ ਤਾਂ ਕਿ ਉਹਨਾਂ ਦੇ ਵਿਚ ਪੜਨ ਦੀ ਰੁਚੀ ਹੋਵੇ ਔਰ ਤਾਂ ਕਿ ਬੱਚਿਆਂ ਨੂੰ ਵੀ ਕੋਈ ਜਿਆਦਾ ਪਰੌਬਲਿਮ ਨਾ ਹੋਵੇ ਕਿਤਾਬਾਂ ਲੈਣ ਦੀ। ਉਹਦਾ ਇਕ ਆਪਣਾ ਬੜਾ, (you know), ਵੱਡਾ ਰੋਲ

ਐ ਕਿ ਇਹਨਾਂ ਸੋਹਣਾ ਐਟਮੌਸਫੀਅਰ ਦਿਤਾ ਗਿਆ ਵੇ। I think ਉਹਦਾ ਬੜਾ ਵੱਡਾ ਰੋਲ ਹੈਗਾ ਵੇ to sensitize people towards so many issues.

ਔਰਤਾਂ ਦੇ ਵਿਸ਼ੇ ਵਿਚ ਖੋਜ ਕੀਤੀ ਐ, ਕਾਫੀ ਕਿਤਾਬਾਂ ਕੀਤੀਆਂ ਨੇ। ਔਰ ਉਸ ਤੋਂ ਇਲਾਵਾ ਮੇਰਾ ਜਿਹੜਾ ਇਨਟਰਸਟ ਐ ਉਹ ਬੁਧਇਜਮ ਵਿਚ ਬੜਾ ਐ ਔਰ ਮੈਂ ਦਲਾਈਲਾਮਾ ਨਾਲ ਮਿਲ ਕੇ ਬਹੁਤ ਕਿਤਾਬਾਂ ਕੀਤੀਆਂ, ਇਨਫੈਕਟ ਤੁਹਾਡੇ ਯੂ ਐਸ਼ ਏ ਔਰ ਕੈਨੇਡਾ ਵਿਚ ਵੀ ਮੇਰੀਆਂ ਕਿਤਾਬਾਂ ਛਪੀਆਂ ਹੋਈਆਂ ਉਹਨਾਂ ਨਾਲ। ਦੁਨੀਆਂ ਦੀਆਂ ਸਾਰੀਆਂ ਜੁਬਾਨਾਂ ਵਿਚ ਟਰਾਂਸਲੇਟ ਹੋਈਆਂ ਨੇ ਸਪੈਨਿਸ਼, ਫਰੈਂਚ, ਇਟਾਲੀਅਨ, I will give you names. ਤੇ ਅੱਜਕੱਲ ਮੈਂ ਇੱਕ ਕਿਤਾਬ ਤੇ ਕੰਮ ਕਰ ਰਹੀ ਹਾਂ- ਇੰਟਰਨੈਸ਼ਨਲ ਮੈਰਿਜ, ਕਰੌਸ ਕਲਚਰਲ ਮੈਰਿਜ ਜਿਥੇ ਮੈਂ ਦੇਖ ਰਹੀ ਹਾਂ ਕਿ ਜਿਹੜੇ ਹਿੰਦੁਸਤਾਨੀ ਫੋਰਨਰਜ ਨਾਲ ਵਿਆਹੇ ਹੋਏ ਨੇ, ਉਹ ਕਿਹੋ ਜਿਹੇ (you know) challanges ਵਿਚੋਂ ਗੁਜਰ ਰਹੇ ਨੇ ਜਾਂ ਉਹਨਾਂ ਦਾ ਉਹੋ ਜਿਹੀ ਮੈਰਿਜ ਤੇ ਕੀ ਪਰੌਮਿਸਜਜ ਨੇ, ਕੀ ਅਟੈਰਕਸ਼ਨ ਹੈਗੀ ਆ, ਕਿਉਂ ਲੋਕੀ ਇਸ, (you know) ਸਟਰੱਕਚਰ ਵਿਚ ਬੰਨੇ ਜਾਂਦੇ ਨੇ, from sociological point of view.

ਬਾਕੀ ਇਥੇ ਦਿੱਲੀ ਦੇ ਵਿਚ ਮੈਡੀਟੇਸ਼ਨ ਸੈਂਟਰ ਹੈ, ਉਹਦੀ ਮੈਂ ਡਾਇਰੈਕਟਰ ਵੀ ਹੈਗੀ ਆਂ ਤੇ ਜਿਹਦੇ ਕਿ ਮੇਨ ਗੁਰੂ ਸਾਡੇ ਦਲਾਈਲਾਮਾ ਜੀ ਹੈਗੇ ਆ, ਸਿਰਫ ਫਿਲਸੌਫੀ ਨਹੀਂ, in practical also ਮੈਨੂੰ ਲੱਗਦਾ ਹੈ ਕਿ ਮੈਡੀਟੇਸ਼ਨ ਅੱਜਕੱਲ ਦੇ ਟਾਈਮ ਵਿਚ ਬਹੁਤ ਜਰੂਰੀ ਹੈਗੀ ਆ ਸਾਰਿਆਂ ਵਾਸਤੇ। ਅਗਰ ਤੁਸੀਂ ਪਾਗਲ ਨਹੀਂ ਹੋਣਾ ਚਾਹੁੰਦੇ ਹੋ, ਇੰਨਾ ਮਤਲਬ ਵਰਕ ਪਰੈਸ਼ਰ, ਟੈਨਸ਼ਨਜ ਐਂਡ ਹੀਲਿੰਗ ਦੀ ਵੀ ਜਰੂਰਤ ਹੈਗੀ ਐ, ਉਹਦੇ ਵਾਸਤੇ ਮੈਨੂੰ ਲੱਗਦਾ ਹੈ ਕਿ ਮੈਡੀਟੇਸ਼ਨ ਬਹੁਤ ਜਰੂਰੀ ਹੈ।

ਪੰਜਾਬੀ ਦਾ, ਦੇਖੋ ਦੋ ਲੈਵਲ ਤੇ ਮੈਂ ਇਹਦਾ ਕਰਾਈਸਸ ਸਮਝਦੀ ਆਂ। ਇੱਕ ਕਰਾਈਸਜ ਤਾਂ ਹੈਗਾ ਕਿ ਪੰਜਾਬੀ ਲੋਗ ਨੇ, ਉਹ ਪੈਸਾ ਖਰਚ ਕੇ ਲੈ ਕੇ ਕਿਤਾਬ ਪੜਨਾ ਨਹੀਂ ਚਾਹੁੰਦੇ। ਉਹਨਾਂ ਨੂੰ ਨਾ, ਦਿਲਚਸਪੀ ਨਹੀਂ ਐ, ਉਹ ਪੈਸਾ ਖਰਚਕੇ ਸ਼ਾਇਦ ਅੰਗਰੇਜੀ ਦੀ ਕਿਤਾਬ ਪੜਨਾ ਚਾਹੁੰਦੇ ਆ। ਦੂਸਰਾ, ਜਿਹੜੇ ਲੋਗ ਨੇ ਬੜੇ ਘੱਟ ਪੰਜਾਬੀ ਵਿਚ (you know) ਚੰਗਾ ਲਿਖਣਾ ਜਾਨਦੇ ਨੇ ਔਰ ਲਿਖਦੇ ਨੇ। They, some of them, guilty (writing) in their own mother tongue, I don't now why? May be there is not enough money in it, they think ਕਿ ਅੰਗਰੇਜੀ ਵਿਚ ਜਿਆਦਾ ਪੈਸਾ ਵੇ ਜਾਂ ਕੋਈ ਹੋਰ ਜੁਬਾਨ ਵਿਚ ਹਿੰਦੀ ਵਿੱਚ ਜਾਂ ਬੰਗਾਲੀ ਜਾਂ ਕੀ ਕਹੀਦਾ ਮਲਿਆਲਮ ਵਿਚ। ਇਸ ਕਰਕੇ ਉਥੇ ਰੀਜਨਲ ਲੈਂਗੁਏਜਜ ਵਿਚ ਲੋਕੀਂ ਜਿਆਦਾ ਲਿਖਦੇ ਨੇ, ਪਰ ਪੰਜਾਬੀ ਵਿਚ ਇਹ ਇਕ ਜਿਹੜਾ economic incentive ਜਿਹੜਾ ਉਹਦੀ ਥੋੜੀ ਜਿਹੀ ਕਮੀ ਐ, but on the other hand ਜਿਹੜਾ ਕਰਾਈਸਜ ਮੈਂ ਦੇਖਦੀ ਹਾਂ ਕਿ ਉਹ ਹਰ ਦੂਸਰਾ ਬੰਦਾ ਪੰਜਾਬੀ ਚ ਲਿਖਦਾ, ਇਹ ਵੀ ਬੜਾ ਵੱਡਾ ਕਰਾਈਸਸ ਹੈ ਕਿ ਰੀਡਰਸ਼ਿਪ ਹੈਨੀ ਔਰ ਹਰ ਬੰਦਾ ਰਾਈਟਰ ਬਣਿਆ ਹੋਇਆ ਪੰਜਾਬ ਦੇ ਵਿਚ ਵੀ ਔਰ ਏਥੇ ਵੀ ਤੇ ਬਾਹਰ ਵੀ। ਪਰ ਜਸਟ ਬੀਕੌਜ ਕਿ ਕੋਈ ਚੀਜ ਤੁਸੀਂ ਐਕਸਪਰੈਸ ਕਰਕੇ ਆਪਣੇ ਸੌ ਪੇਜ ਲਿਖ ਰਹੇ ਓ, its not work of literature, so you know these two extremes I find.

ਅਸੀਂ ਤੇ ਆਪਣੇ ਵਲੋਂ ਦੇਖੋ ਪੂਰੀ ਕੋਸ਼ਿਸ਼ ਕਰ ਰਹੇ ਹਾਂ ਕਿ ਜਿਹੜਾ ਇਕ ਰੁਚੀ ਹੈਗੀ ਆ ਪੜਨ ਦੇ ਵਿਚ ਪੜਨ ਲਿਖਣ ਵਿਚ ਉਹ ਪੈਦਾ ਕੀਤੀ ਜਾਵੇ, ਔਰ ਇਹ ਬੱਚਿਆਂ ਤੋਂ ਈ ਸ਼ੁਰੂ ਕੀਤੀ ਜਾਏ। ਅਸੀਂ ਏਸੇ ਕਾਰਨ ਬੱਚਿਆਂ ਦੀਆਂ ਕਿਤਾਬਾਂ ਬਹੁਤ ਭੇਜਦੇ ਆਂ ਲਾਇਬਰੇਰੀਜ ਦੇ ਵਿਚ। ਉਹ ਬੜੀਆਂ ਪਾਪੂਲਰ ਵੀ ਨੇ। ਬੱਚੇ ਆਂਦੇ ਵੀ ਨੇ ਲਾਇਬਰੇਰੀਜ ਵਿਚ, ਕਾਫੀ ਪੜਦੇ ਲਿਖਦੇ ਨੇ ਤੇ ਹੋ ਸਕਦਾ ਵੱਡੇ ਹੋ ਕੇ ਉਹਨਾਂ ਦੇ ਵਿਚ ਕੀ ਕਹੀਦਾ ਵੇ ਕੋਈ ਇਹ ਜਾਗ ਲੱਗ ਜਾਏ ਤੇ ਉਹਨਾਂ ਨੂੰ ਇਹ ਪੜਨ ਦੀ ਬਿਮਾਰੀ ਲੱਗ ਜਾਵੇ, who knows ?

ਫਿਰ ਕੀਤਾ ਤੇ ਬੜਾ ਕੁਝ ਜਾ ਸਕਦਾ। ਇਕ ਤੇ ਪੇਰਿੰਟਸ ਨੂੰ ਖੁਦ ਪੰਜਾਬੀ ਦੇ they should proud of Punjabi language and culture, which unfortunately they are not, ਜਿਸ ਤਰਾਂ ਬੰਗਾਲੀ ਜਦੋਂ ਮਿਲਦੇ ਨੇ ਆਪਸ ਦੇ ਵਿਚ, ਉਹ ਹਮੇਸ਼ਾ ਬੰਗਾਲੀ ਚ ਗੱਲ ਕਰਦੇ ਨੇ ਜਾਂ ਤਾਮੀਲੀਅਨਜ ਮਿਲਦੇ ਨੇ ਉਹ ਤਾਮਿਲ ਦੇ ਵਿਚ ਗੱਲ ਕਰਦੇ ਨੇ। ਸਿਰਫ ਪੰਜਾਬੀ ਮਿਲਦੇ ਨੇ ਤਾਂ ਅੰਗਰੇਜੀ ਦੇ ਵਿਚ ਗੱਲ ਕਰਦੇ ਨੇ, ਪਤਾ ਨਹੀਂ ਉਹ

ਇੰਨੇ ਸਟੇਟਸ ਕੌਨਸ਼ੀਅਸ ਨੇ ਕਿ ਬੱਚਿਆਂ ਨਾਲ ਅਸੀਂ ਪੰਜਾਬੀ ਚ ਗੱਲ ਕੀਤੀ ਤੇ we will not be accepted ਔਰ ਪੇਰਿੰਟਸ ਆਪਣੇ ਬੱਚਿਆਂ ਨਾਲ ਨੀ ਗੱਲ ਕਰਦੇ, ਫਿਰ ਤੁਸੀਂ ਬੱਚਿਆਂ ਨੂੰ ਪੜਾ ਨਹੀਂ ਰਹੇ ਉਹ, ਉਹ ਵਾਲੇ ਸਕੂਲਜ ਵਿਚ ਨਹੀਂ ਭੇਜ ਰਹੇ। ਜਿਸ ਤਰਾਂ ਕਿ ਮੇਰੇ ਪੇਰਿੰਟਸ ਨੇ ਮੈਨੂੰ ਵੀ ਇੰਗਲਿਸ਼ ਮੀਡੀਅਮ ਸਕੂਲ ਵਿਚ ਪੜਾਇਆ ਹੈ, ਬਟ ਮੈਨੂੰ ਨਾਲ ਪੰਜਾਬੀ ਵੀ ਪੜਾਈ ਸੀ। ਆਪ ਮੇਰੇ ਪਿਤਾ ਜੀ ਮੈਨੂੰ ਸਿਖਾਦੇ ਸੀ ਕਾਇਦਾ ਲੈ ਕੇ ਆਂਦੇ ਸਨ ਤੇ ਕਹਿੰਦੇ ਸੀ ਨਹੀਂ ਪੜ ਬੈਠ ਕੇ ਤੂੰ ਵੀ ਇਹਨੂੰ, ਏਸ ਕਾਰਨ (you know), ਮੈਨੂੰ ਆ ਗਈ ਏ। ਘਰ ਵਿਚ ਵੀ ਅਸੀਂ ਪੰਜਾਬੀ ਬੋਲਦੇ ਸੀ। ਬਾਕੀ ਸਾਰੇ ਪੰਜਾਬੀ ਰਾਈਟਰਜ ਵੀ ਇਥੇ ਆਂਦੇ ਸੀ, ਉਹਦਾ ਵੀ ਮੈਨੂੰ (you know) ਬੜਾ ਫਾਇਦਾ ਹੋਇਆ। ਅਕਪੋਜਰ ਹੈਗਾ ਸੀ। ਸੋ (you know) ਮੇ ਵੀ ਬੱਚਿਆਂ ਦਾ ਨਾ ਜਿਹੜਾ ਐਕਸਪੋਜਰ ਹੋਣਾ ਬਹੁਤ ਜਰੂਰੀ ਹੈ। ਔਰ ਅੱਜਕੱਲ ਤੇ ਮੀਡੀਆ ਦਾ ਤੁਸੀਂ ਦੇਖੋ, ਟੈਲੀਵਿਯਨ ਚੈਨਲਜ ਸਾਰਾ ਕੁਝ ਤੇ ਉਥੇ ਵੀ ਜਿਹੜਾ ਕੁਆਲਟੀ ਪ੍ਰੋਗਰਾਮ ਐ ਨਾ, that's missing. I think ਉਹ ਵਾਲੇ ਪਾਸੇ ਧਿਆਨ ਦੇਣ ਦੀ ਲੋੜ ਐ, ਜਿਹਦਾ ਤਾਂ ਕਿ ਨਾ ਇਮਪੈਕਟ ਬੱਚਿਆਂ ਦੇ ਉਤੇ ਪਵੇ ਤਾਂ ਕਿ ਜਦੋਂ ਵੱਡੇ ਹੋਣ ਔਟੋਮੈਟੀਕਲੀ (you know), ਉਹ ਉਸ ਪਾਸੇ ਖਿਚੇ ਜਾਣ।

ਦੋਨੋਂ ਦੇਖੋ ਖਤਰਾ ਵੀ ਏ ਤੇ ਰੌਸ਼ਨੀ ਵੀ ਐ। ਕਿਉਂਕਿ ਖਤਰਾ ਹੈਗਾ ਵੇ, ਇਸ ਕਾਰਨ (you know) ਕੀ ਕਹੀਦਾ ਵੇ ਇਹਦੇ ਉਤੇ ਕੰਮ ਕਰਨਾ ਪਏਗਾ, ਔਰ ਏਹਨੂੰ ਰੌਸ਼ਨ ਕਰਨਾ ਪਏਗਾ so I think they go hand in hand ਜਿਹੜੇ ਲੋਗ ਇਹ ਚੈਲੈਂਜ ਨੂੰ ਅਸੈਪਟ ਕਰਨਗੇ I am sure they will contribute in the future. So I am not pessimistic, but lots to be done for it. ਨਾਲੇ ਇਕ ਨਾ, ਮੈਂ ਦੇਖਿਆ ਜਿਸ ਤਰਾਂ 60s-70s ਵਿਚ ਪੰਜਾਬੀ ਲਿਟਰੇਚਰ ਪੈਦਾ ਹੋਇਆ ਔਰ ਤੁਸੀਂ may be mod 80s ਤੱਕ ਵੀ ਕਹਿ ਸਕਦੇ ਹੋ, ਉਹ ਇਕ ਦੌਰ ਸੀ ਜਿਹੜੇ ਚ ਬੜੇ ਰਾਈਟਰਜ ਨਾ ਉਭਰ ਕੇ ਆਏ ਨੇ, ਬੜੇ ਉਚੇ ਪੱਧਰ ਦੇ। ਉਹ ਹੁਣ ਨਹੀਂ ਹੋ ਰਿਹਾ ਤੇ ਇਹ ਮੇਰਾ ਖਿਆਲ ਸੋਚਣ ਦੀ ਜਰੂਰਤ ਐ ਕਿ ਕੀ ਕਾਰਨ ਐ? ਕੀ ਲੋਗਾਂ ਦੀ ਲਾਈਫ ਬੜੀ ਕੰਪਲੇਸਟ ਹੋ ਗਈ ਏ ਕਿ they are unable to you know create great piece of literature. ਇਹ ਕੋਈ ਦੌਰ ਦੇ ਵਿਚ ਕੀ ਕਮੀ ਐ, ਕੀ ਪਰੌਬਲਿਮ ਐ, ਪੋਸਟ ਮੌਡਰਨਿਸਟ ਦੌਰ ਜਿਹੜਾ ਕੀ ਇਹਦੇ ਵਿਚ ਕਿਉਂ ਨਹੀਂ ਵਧਿਆ ਲਿਟਰੇਚਰ। ਟਾਂਵਾਂ ਟਾਂਵਾਂ ਇਧਰ ਉਧਰ ਹੈ ਵੇ, ਬਟ ਮੈਂ ਇਕ ਗੱਲ ਕਰ ਰਹੀ ਹਾਂ ਜਿਹਦੇ ਵਿਚ ਇਕ ਦਮ ਸਾਰਾ ਕੁਝ ਬਲੌਸਮ ਕਰਦਾ ਏ, ਉਸ ਚੀਜ ਦੀ ਕਮੀ ਐ। I don't know ਕਿਸ ਤਰਾਂ conditions ਹਾਲਾਤ ਕੋਈ ਬਦਲਣਗੇ ਜਿਹੜੇ ਕੋਈ ਇਹੋ ਜਿਹੇ ਰਾਈਟਰਜ ਨੂੰ (you know) ਪੈਦਾ ਕਰਨਗੇ। ਉਹ ਹਾਲਾਤ ਕੰਡੀਸ਼ਨਜ ਵੀ (you know) ਬੜੀਆਂ ਜਰੂਰੀ ਹੁੰਦੀਆਂ ਨੇ, ਸਹੀ ਕੰਡੀਸ਼ਨਜ ਜਿਹੜੀਆਂ ਕਿ ਪੈਦਾ ਕਰਦੀਆਂ ਨੇ।

ਪਰ ਮੈਂ ਇਕ ਹੋਰ ਵੀ ਗੱਲ ਦੇਖੀ ਏ ਕਿ ਜਿਹੜਾ ਇੰਡੀਅਨ ਪੰਜਾਬੀ ਡਾਇਸਪੋਰਾ ਹੈਗਾ ਵੇ, (you know) ਉਹਨਾਂ ਨੂੰ ਸਗੋਂ ਜਿਆਦਾ ਸ਼ੌਕ ਚੜਿਆ ਹੋਇਆ ਵੇ, ਪੰਜਾਬੀ ਅਪਣਾਣ ਦਾ, ਪੰਜਾਬੀ ਚ ਲਿਖਣ ਦਾ, ਆਪਣੀ ਜਿਹੜੀ ਪੰਜਾਬੀਅਤ ਐ ਆ ਨਾ ਉਹਨੂੰ ਕਾਇਮ ਰੱਖਣ ਦਾ, ਸ਼ਾਇਦ ਏਸ ਕਾਰਨ ਕਿ ਉਹਨਾਂ ਵਾਸਤੇ ਇਕ ਆਇਡੈਂਟਟੀ ਦਾ ਕੁਅਸਚਨ ਉਥੇ ਹੋ ਜਾਂਦਾ ਵਾ। ਏਸ ਕਾਰਨ ਉਹ ਉਹਦੇ ਨਾਲ ਜਿਆਦਾ (you know) ਜੁੜਨਾ ਚਾਂਹਦੇ ਨੇ ਜਾਂ ਜੁੜੇ ਰਹਿੰਦੇ ਨੇ it give them sense of identity over there, otherwise you know they feel ਕਿ ਜਿਹੜਾ ਉਥੇ ਪਲੂਰਲਿਸਟਕ ਕਲਚਰ ਹੈਗਾ ਵੇ ਐਥੇਨਿਕ ਇਸਰਸ਼ਨ ਸਾਰੀ ਹੋਈ ਜਾ ਰਹੀ ਹੈ, ਉਹਨਾਂ ਨੂੰ ਲੱਗਦਾ ਹੈ ਕਿ ਉਹਨਾਂ ਵੀ ਕਰਨੀ ਚਾਹੀਦੀ ਹੈ, ਫਰੈਂਚ, ਇਟਾਲੀਅਨ, ਸਪੈਨਿਸ਼ ਉਹ ਆਪਣੀ ਇਸਰਸ਼ਨ ਕਰ ਰਹੇ ਨੇ, ਬੇਸ਼ਕ ਮਿਲਟਿੰਗ ਪੁਆਇੰਟ ਵੀ ਹੋਵੇਗਾ ਯੂ ਐਸ ਵਿੱਚ ਵੇਖੋ or if you want to see people ਉਹਦੇ ਵਿਚ ਵੀ ਤੁਸੀਂ ਆਪਣੀ ਹੋਂਦ ਦਾ ਕਿਤੇ ਨਾ ਕਿਤੇ (you know) ਡੀਪਲੀ ਅਹਿਸਾਸ ਕਰਨਾ ਚਾਂਹਦੇ ਓ। ਪਰ ਉਥੋਂ ਦੇ ਲੋਗ ਮੈਂ ਦੇਖੇ ਜਿਆਦਾ ਕੰਜਰਵੇਟਿਵ ਨੇ ਕੰਪੈਰੇਟਿਵ ਟੂ ਆਰ ਪੀਪਲ। ਸਾਡੀ ਏਥੇ ਹੋਰ ਤਰਾਂ ਦੀ ਤਰੱਕੀ ਹੋਈ ਐ, ਅਸੀਂ ਹੋਰ ਤਰਾਂ ਵੈਸਟਰਨਾਈਜ ਹੋਏ ਆਂ। ਉਥੇ ਉਹ ਵੈਸਟ ਵਿਚ ਰਹਿ ਕੇ ਵੀ ਨਾ, ਆਪਣਾ ਇਹ ਕੀ ਕਹੀਦਾ ਕੰਜਰੇਟਿਵਇਜਮ ਨਾ, ਉਹਨੂੰ ਬਕਰਾਰ ਉਹਨਾਂ ਨੇ ਰੱਖਿਆ ਵੇ। ਉਹ ਜਿਹੜਾ ਇੱਕ, ਬੜੇ ਘੱਟ ਫੈਮਿਲੀਜ ਵਿਚ ਉਹ ਤੁਹਾਨੂੰ ਐਟਮੌਸਫੀਅਰ ਤੁਹਾਨੂੰ ਮਿਲਦਾ, ਮੈਂ ਦੇਖਿਆ। ਇਥੋਂ ਈ ਉਥੇ ਜਾ ਕੇ ਇਕ ਪਿੰਡ ਵਸ ਗਿਆ ਐ ਕੈਨੇਡਾ ਵਿਚ ਸਪੈਸ਼ਲੀ, ਜੋ ਸਟੱਡੀਜ ਨੇ ਉਹਨੂੰ ਸ਼ੋ ਕਰਦੀਆਂ ਨੇ। ਤੇ ਲਾਈਫ ਸਟਾਈਲ ਚੇਂਜ ਕਰਨਾ ਏਨਾ ਆਸਾਨ ਨਹੀਂ ਹੈਗਾ, ਮੈਂ ਦੇਖਿਆ ਉਥੇ ਲੋਗਾਂ ਨੂੰ, ਖਾਣਾ, ਪੀਣਾ ਪਹਿਣਨਾ, it takes time. ਔਰ ਏਸੇ ਕਰਕੇ ਮੈਂ ਦੇਖ ਰਹੀ ਹਾਂ

ਬਾਹਰ ਇੰਟਰ-ਜਨਰੇਸ਼ਲ ਕੌਨਫਲਿਕਟ ਬਹੁਤ ਵਧ ਰਹੇ ਨੇ, ਔਰ ਇੰਗਲੈਂਡ ਵਿਚ ਚ ਜਿਸ ਤਰਾਂ ਤੁਸੀਂ ਸੁਣਦੇ ਓ ਕਿ ਸੁਏਸਾਈਡ ਰੇਟ ਬੜਾ ਹੋ ਗਿਆ। ਬੱਚਿਆਂ ਨੂੰ ਤੁਸੀਂ ਉਥੇ ਪੜਾ ਰਹੇ ਓ, ਲਿਖਾ ਰਹੇ ਓ, ਉਥੋਂ ਦੇ ਉਹ ਰਹਿਣਾ ਸਹਿਣਾ ਪਹਿਨਣਾ ਸਭ ਕੁਝ ਹੈਗਾ, ਪਰ ਜਦੋਂ ਮੈਰਿਜ ਦੀ ਗੱਲ ਆਂਦੀ ਐ, ਉਦੋਂ ਤੁਸੀਂ ਅਰੇਂਜ ਮੈਰਿਜ ਬੱਚਿਆਂ ਦੀ ਕਰਨਾ ਚਾਂਹਦੇ ਓ, so I think there is tremendous conflict between these generations. This tension is there, ਉਹਨਾਂ ਨੂੰ ਲੱਗਦਾ ਕਿ ਪੰਜਾਬੀਅਤ ਮੀਨਜ ਕਿ ਤੁਸੀਂ ਗੁਰੂ ਗ੍ਰੰਥ ਸਾਹਿਬ ਨੂੰ ਪਰੀਜਰਬ ਕਰਕੇ ਰੱਖੋ ਬਿਲਕੁਲ ਔਰ ਉਹ ਵੀ ਉਹਨੂੰ ਇਕ ਰਲੀਜੀਅਸ ਪੁਆਇੰਟ ਆਫ ਵਿਊ ਤੋਂ, not as a piece of literature, ਉਥੇ ਤੁਹਾਨੂੰ ਪਰੀਜਰਬ ਕਰਨ ਦਾ ਟਰੀਡੀਸ਼ਨ ਪਰੀਜਰਬ ਕੀਤੀ ਜਾ ਰਹੀ ਐ, ਔਰ ਏਥੇ ਕੀ ਕਹੀਦਾ ਵੇ, ਮੇਰਾ ਖਿਆਲ ਏ ਕਿ ਜਿਹੜੀ ਟਰੀਡੀਸ਼ਨ ਐ ਉਹਨੂੰ ਇਕ ਤਰਾਂ ਦਾ ਤੁਸੀਂ ਕਹਿ ਸਕਦੇ ਓ ਕੀ reinterpret ਕੀਤਾ ਜਾ ਰਿਹਾ, reinvent ਕੀਤਾ ਜਾ ਰਿਹਾ, reimagine ਕੀਤਾ ਜਾ ਰਿਹਾ in many ways.

ਅਗਰ ਤੁਸੀਂ ਰਲੀਜੀਅਸ ਨਹੀਂ ਓ, ਗਰੰਥ ਸਾਹਿਬ ਨੂੰ ਪੜਿਆ ਵੇ, ਉਹਨੂੰ ਸਮਝਿਆ ਵੇ, ਤੁਹਾਡੀ ਇਕ ਆਪਣੀ ਲਾਈਫ ਵਿਚ ethics develop ਹੋ ਜਾਂਦਾ ਐ, ਇਕ ਉਹੀ ਨਵਾਂ ਤਰੀਕਾ ਐ ਜੀਣ ਦਾ ਕਿ ਤੁਸੀਂ ਆਪਣੀ ਸਮਝ ਦੇ ਮੁਤਾਬਿਕ ਕਿ ਜਿਹੜਾ ਐਥਿਕਕਲ ਐਲੀਮਿੰਟ ਐ ਉਹਦਾ ਕੱਢ ਲੀਤਾ ਜਾਂ ਲਿਟਰੇਰੀ ਐਲੀਮਿੰਟ ਕੱਢ ਲੀਤਾ ਐ ਜਾਂ ਪੁਲੀਟੀਕਲ ਐਲੀਮਿੰਟ ਕੱਢ ਲੀਤਾ ਜਾਂ ਸਪਿਰਚੁਅਲ ਐਲੀਮਿੰਟ ਕੱਢ ਲੀਤਾ। ਸੋ ਇਹ ਤਦੀ ਆਂਦਾ ਵੇ ਜਦੋਂ ਤੁਹਾਡਾ ਇਕ ਸਾਇੰਟੇਫਿਕ ਅਪਰੋਚ ਹੋਵੇ you have to be open minded ਸੋਚਣ ਦਾ ਜਿਹੜਾ ਕੰਮ ਏ ਨਾ, ਉਹ ਬੜਾ ਮੁਸ਼ਕਲ ਏ ਔਰ ਬੜਾ ਪੇਨਫੁਲ ਹੈਗਾ, ਜਿਹੜਾ ਕਿ ਕੋਈ ਨੀ ਕਰਨਾ ਚਾਂਹਦਾ। ਉਹ ਹਰ ਚੀਜ ਬਣੀ ਬਣਾਈ ਰੈਡੀਮੇਡ ਲੋਗਾਂ ਨੂੰ ਮਿਲ ਜਾਏ, ਇਕ ਫੌਰਮੂਲਾ ਮਿਲ ਜਾਏ ਖੁਸ਼ ਰਹਿਣ ਦਾ ਤੇ ਮਕੈਨੀਕਲੀ ਤੁਸੀਂ ਰਿਚੁਅਲ ਵਿਚ ਪੈ ਜਾਓ ਜਾਂ ਆਪਣੇ ਮੰਤਰ ਪੜਨੇ ਸ਼ੁਰੂ ਕਰ ਦਿਓ ਜਾਂ ਸਿਰਫ ਕੀਰਤਨ ਸੁਣੋ, ਉਹਦਾ ਮਤਲਬ ਨਹੀਂ ਸਮਝੋ, (you know) it's pointless. ਸੋ ਇਹ ਸੋਚਣ ਦਾ ਕੰਮ ਬਹੁਤ ਜਰੂਰੀ ਹੈਗਾ ਜਿੰਦਗੀ ਵਿਚ। ਨਹੀਂ ਤਾਂ ਜੋ ਸਮਾਜ ਵਿਚ ਪਰਿਸਕਰਾਈਬ ਕੀਤਾ ਗਿਆ, ਲੋਕੀਂ ਉਹੀ ਰਸਤੇ ਉਤੇ ਚੱਲੀ ਜਾ ਰਹੇ ਨੇ। ਤੁਸੀਂ ਲੋਗ ਅਗਰ ਸਕੂਲ਼ ਵਿਚ ਜੁਬਾਨ ਪੜਾਨੀ ਸ਼ੁਰੂ ਕਰ ਦਿਓ, ਬਹੁਤ ਚੰਗਾ ਹੋਇਗਾ, ਬੱਚਿਆਂ ਵਾਸਤੇ। ਦੂਸਰਾ ਜਿਹੜਾ ਸੈਕੂਲਰ ਲਿਟਰੇਚਰ ਹੈਗਾ ਵੇ ਉਹ ਉਥੇ ਨਾ ਕੀ ਕਹੀਦਾ ਨਾ, ਮੰਗਵਾਓ ਲਾਇਬਰੇਰੀਜ ਦੇ ਵਿਚ, ਔਰ ਉਥੇ ਮੈਂ ਦੇਖਿਆ ਉਹ ਜਿਹੜੇ ਲੋਗ ਗਏ ਨੇ ਈਵਨ ਯੋਰਪ ਦੇ ਵਿਚ they feel so emotionally deprived ਤੇ ਉਹ ਫਿਰ ਜਿਹੜਾ ਮਿਊਜਕ ਅਸੀਂ ਏਥੇ ਨਹੀਂ ਸੁਣਦੇ ਆ ਉਹ ਉਥੇ ਸੁਣ ਰਹੇ ਨੇ ਮੈਂ ਦੇਖਿਆ। ਪਰ ਏਥੇ ਜਦੋਂ ਰਹਿੰਦੇ ਆ ਇਥੇ ਨਹੀਂ ਸੁਣਦੇ ਉਹ, ਉਥੇ ਕੁਝ ਵੀ ਮਿਲ ਜਾਏ ਪੰਜਾਬੀ ਵਿਚ, ਉਹ ਸੁਣਨ ਨੂੰ ਤਿਆਰ ਨੇ, ਫਿਰ ਭੈੜਾ ਚੰਗਾ ਜਿਸ ਤਰਾਂ ਵੀ। ਤੇ ਇਹ ਜਿਹੜੀ ਭੁਖ ਹੈਗੀ ਏ ਬਾਹਰ ਲੋਗਾਂ ਦੀ ਮੇਰਾ ਖਿਆਲ ਏ ਇਹਨੂੰ ਬੜੇ ਸਿਵਲਾਈਜਡ ਢੰਗ ਨਾਲ, ਬੜੇ ਉਚੇ ਪੱਧਰ ਤੇ (you know) ਉਹਨਾਂ ਨੂੰ ਸੰਤੁਸ਼ਟੀ ਦਿੱਤੀ ਜਾ ਸਕਦੀ ਏ। ਪਰ ਇਕ ਗੱਲ ਹੈ ਸਾਡੇ ਜਿਹੜੇ ਹਿੰਦੀ ਚ ਸਿਨੇਮਾ ਜਗਤ ਹੈ, ਉਹਦੇ ਵਿਚ ਮੈਂ ਪਿਛਲੇ 20 ਸਾਲਾਂ ਤੋਂ ਦੇਖ ਰਹੀ ਹਾਂ ਜਿਹੜੀ ਤਬਦੀਲੀ ਬੜੀ ਵੱਡੀ ਆਈ ਏ, ਉਹ ਇਹ ਕਿ ਹਰ ਗਾਣਾ ਜਿਹੜਾ ਹਿੰਦੀ ਸਿਨੇਮਾ ਬੌਲੀਵੁੱਡ ਦਾ ਪਾਪੂਲਰ ਦਾ, ਉਹਦੇ ਚ ਪੰਜਾਬੀ ਦੀ ਇੱਕ ਲਾਈਨ ਜਰੂਰ ਹੁੰਦੀ ਆ। ਉਹ ਸੰਬੋਲਿਕ, (you know), ਚੀਜ ਏਥੇ ਕਾਫੀ ਉਭਰ ਕੇ ਆਈ ਏ ਸਾਡੇ ਹਿੰਦੁਸਤਾਨ ਦੇ ਵਿਚ, ਜਿਹੜੀ ਕਿ ਚੰਗੀ ਗੱਲ ਏ।

ਸ਼ੋ ਦੂਸਰਾ ਮੇਰਾ ਖਿਆਲ ਏ ਇਹ ਜਿਹੜਾ ਆਪਣਾ ਪਾਕਿਸਤਾਨ ਵਿਚ ਜਿਹੜੀ ਪੰਜਾਬੀ ਬੋਲੀ ਜਾਂਦੀ ਏ, ਇਧਰ ਹਿੰਦੁਸਤਾਨ ਵਿਚ, ਇਹ ਲੋਗਾਂ ਦਾ ਵੀ ਮੈਨੂੰ ਲੱਗਦਾ ਇੰਟਰਐਕਸ਼ਨ ਜੇ ਵਧੇ, ਬੜਾ ਫਰਕ ਪਏਗਾ ਪੰਜਾਬੀ ਜੁਬਾਨ ਦੇ ਉਤੇ, more meetings, more dialogues, more conferences, more cultural events, ਮੇਲ ਜੋਲ ਵਧਣਾ ਚਾਹੀਦਾ ਵੇ। ਇਮੇਜਨ ਪੰਜਾਬ ਪਹਿਲਾਂ ਸਾਰਾ ਇਕੋ ਹੈਗਾ ਸੀ ਤੇ ਇਹ ਤਾਂ ਆਰਟੀਫਿਸ਼ਅਲ ਈ ਆ ਨਾ ਬਾਊਂਡਰੀ ਹੈਗੀ ਆ।

ਧੰਨਵਾਦ